## ਸ਼ੇਖ ਫ਼ਰੀਦ - ਸਬਦ ੬੪

## ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥

ਸਾਰ: ਇਨਸਾਨ ਦੀ ਬਾਹਰੀ ਛਵੀ ਅਤੇ ਉਸਦੀ ਅਸਲ ਅੰਤਰੀਵੀ ਹਕੀਕਤ ਵਿਚਲਾ ਅੰਤਰ ਮਹੱਤਵਪੂਰਨ ਹੋ ਸਕਦਾ ਹੈ। ਸ਼ੋਹਰਤ ਅਕਸਰ ਦਿਖਾਵੇ ਅਤੇ ਸਮਾਜ ਦੀ ਪ੍ਰਵਾਨਗੀ ਉਪਰ ਅਧਾਰਿਤ ਹੁੰਦੀ ਹੈ। ਅੰਤਰੀਵੀ ਦਿਆਨਤਦਾਰੀ ਦਾ ਵਿਕਾਸ ਇਕ ਸਹਿਜਮਈ ਪ੍ਰਕਿਰਿਆ ਹੈ, ਜਿਸ ਵਿਚ ਸਾਨੂੰ ਆਪਣੇ ਇਰਾਦਿਆਂ, ਡਰਾਂ ਅਤੇ ਸੂਖਮ ਸਮਝੌਤਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਸਮਾਜ ਬਾਹਰੀ ਦਿਖਾਵੇ ਦਾ ਮੁਲਾਂਕਣ ਅਸਾਨੀ ਨਾਲ ਕਰ ਲੈਂਦਾ ਹੈ, ਪਰ ਸਾਡੀ ਅੰਤਰਆਤਮਾ ਸਾਨੂੰ ਵਧੇਰੇ ਗੂੜ੍ਹ ਪੜਚੋਲ ਲਈ ਪ੍ਰੇਰਿਤ ਕਰਦੀ ਹੈ। ਇਹ ਸਾਨੂੰ ਸਾਡੀ ਬਾਹਰੀ ਦਿੱਖ ਨੂੰ ਅੰਤਰੀਵੀ ਹਕੀਕਤ ਨਾਲ ਇਕਸੁਰ ਕਰਨ ਦੀ ਅਰਜ਼ੋਈ ਕਰਦੀ ਹੈ। ਜਦੋਂ ਇਹ ਇਕਸੁਰਤਾ ਕਾਇਮ ਹੋ ਜਾਂਵੇ, ਤਾਂ ਇਸ ਵਿਚਲਾ ਅੰਤਰ ਘਟ ਜਾਂਦਾ ਹੈ, ਜਿਸ ਨਾਲ ਅੰਤਰੀਵੀ ਸ਼ਾਂਤੀ, ਸਥਿਰਤਾ ਅਤੇ ਸਹਿਜ ਦਾ ਅਹਿਸਾਸ ਪੈਦਾ ਹੁੰਦਾ ਹੈ।

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥

ਫਰੀਦ ਕਹਿੰਦੇ ਹਨ ਕਿ ਮੇਰੇ ਕੱਪੜੇ ਕਾਲੇ ਹਨ, ਅਤੇ ਮੇਰਾ ਕਾਲਾ ਪਹਿਰਾਵਾ ਮੇਰੀ ਨਕਾਰਾਤਮਕਤਾ ਨੂੰ ਢੱਕਦਾ ਹੈ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਜੇਕਰ ਬਾਹਰੀ ਰੂਪ ਪਹਿਰਾਵੇ ਦੀ ਤਰ੍ਹਾਂ ਹੋ ਜਾਵੇ, ਤਾਂ ਇਹ ਹਉਮੈ ਨੂੰ ਭੰਗ ਕਰਨ ਦੀ ਬਜਾਏ ਉਸਦੀ ਰੱਖਿਆ ਕਰੇਗਾ; ਅਸੀਂ ਪਾਕ ਦਿਖਾਈ ਦਿੰਦੇ ਹੋਵੇ ਵੀ ਪਵਿੱਤਰਤਾ ਤੋਂ ਦੂਰ ਹੋ ਜਾਂਦੇ ਹਾਂ।

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥

ਮੈਂ ਨਕਾਰਾਤਮਕਤਾ ਅਤੇ ਅਗਿਆਨਤਾ ਨਾਲ ਭਰਿਆ ਹੋਇਆ ਭਟਕ ਰਿਹਾ ਹਾਂ, ਫਿਰ ਵੀ ਲੋਕ ਮੈਨੂੰ ਦਰਵੇਸ਼ ਕਹਿ ਬੁਲਾਉਂਦੇ ਹਨ। ਇਹ ਵਿਅੰਗ ਪ੍ਰਗਟ ਕਰਦਾ ਹੈ ਕਿ ਕਿਵੇਂ ਬਾਹਰੀ ਦਿੱਖ ਅਤੇ ਸਮਾਜਿਕ ਪ੍ਰਮਾਣਿਕਤਾ ਉਸ ਅਸਲੀਅਤ ਨੂੰ ਕੱਜ ਦਿੰਦੇ ਹਨ, ਜੋ ਸਾਡੇ ਅਸਲ ਅਤੇ ਦਿਖਾਵੇ ਵਿਚਲੇ ਅੰਤਰ ਨੂੰ ਸਪਸ਼ਟ ਕਰਦੀ ਹੈ।

ਤੱਤ: ਸ਼ੇਖ ਫ਼ਰੀਦ ਚੇਤਾਵਨੀ ਦਿੰਦੇ ਹਨ ਕਿ ਸਮਾਜਿਕ ਪ੍ਰਮਾਣਿਕਤਾ ਦੀ ਭਾਲ ਸਾਨੂੰ ਆਪਣੇ ਆਪ ਦਾ ਇਕ ਅਜਿਹਾ ਸਰੂਪ ਸਿਰਜਣ ਲਈ ਮਜ਼ਬੂਰ ਕਰ ਸਕਦੀ ਹੈ ਜੋ ਪ੍ਰਵਾਨਗੀ ਦੀ ਮੰਗ ਕਰਦਾ ਹੈ, ਜੋ ਸਾਡੀ ਅੰਤਰ-ਆਤਮਾ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਅਸੀਂ ਅਕਸਰ ਸਮਾਜ ਦੀਆ ਉਮੀਦਾਂ ਉਪਰ ਖਰਾ ਉਤਰਨ ਲਈ ਝੂਠੇ ਨਕਾਬ ਧਾਰਨ ਕਰ, ਆਪਣੀਆਂ ਪ੍ਰਮਾਣਿਕ ਪਛਾਣਾਂ ਨੂੰ ਲੁਕਾ ਲੈਂਦੇ ਹਾਂ। ਜੋ ਕੁਝ ਸਾਨੂੰ ਪ੍ਰਸੰਸਾ ਦਿਵਾਉਂਦਾ ਹੈ, ਲਾਜ਼ਮੀ ਨਹੀਂ ਕਿ ਉਹ ਸਾਡੀਆਂ ਅਸਲ ਭਾਵਨਾਵਾਂ ਨੂੰ ਦਰਸਾਵੇ। ਝੂਠੇ ਚਿਹਰਿਆਂ ਨੂੰ ਕਾਇਮ ਰੱਖਣ ਦਾ ਵਰਤਾਰਾ ਥਕਾਵਟ ਭਰਿਆ ਹੋ ਜਾਂਦਾ ਹੈ, ਜਦਕਿ ਆਪਣੇ ਅੰਤਰੀਵੀ ਸੱਚ ਨੂੰ ਅਪਣਾਉਣਾ ਨਾਲ ਅਸਲ ਪੂਰਤੀ ਪ੍ਰਾਪਤ ਹੁੰਦੀ ਹੈ, ਜੋ ਥੋੜ੍ਹ ਸਮੇਂ ਦੀ ਪ੍ਰਸੰਸਾ ਤੋਂ ਕਿਧਰੇ ਵਧੇਰੇ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**